# ਪ੍ਰੈਸ ਨੋਟ

## ਪੋਸਟ ਗ੍ਰੈਜੂਏਟ ਫੈਸ਼ਨ ਡਿਜ਼ਾਇਨਿੰਗ ਵਿਭਾਗ

ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਫੈਸ਼ਨ ਡਿਜ਼ਾਇਨਿੰਗ ਵਿਭਾਗ ਵੱਲੋਂ ਕਾਲਜ ਵਿੱਚ ਦੋ ਰੋਜ਼ਾ ਪ੍ਰਦਰਸ਼ਨੀ (ਮਿਤੀ 03 ਅਤੇ 05 ਨਵੰਬਰ-2018) ਦਾ ਆਯੋਜਨ ਕੀਤਾ ਗਿਆ। ਪ੍ਰਦਰਸ਼ਨੀ ਦਾ ਉਦਘਾਟਨ ਮਾਨਯੋਗ, ਸ. ਰਾਜਿੰਦਰਮੋਹਨ ਸਿੰਘ ਛੀਨਾ ਜੀ, ਆਨਰੇਰੀ ਸਕੱਤਰ ਖ਼ਾਲਸਾ ਕਾਲਜ ਚੈਰੀਟੇਬਲ ਸੁਸਾਇਟੀ, ਅੰਮ੍ਰਿਤਸਰ ਦੇ ਕਰ ਕਮਲਾ ਨਾਲ ਹੋਇਆ। ਪ੍ਰਿੰਸੀਪਲ ਡਾ. ਮਹਿਲ ਸਿੰਘ ਜੀ ਅਤੇ ਡਾ. ਰਮਿੰਦਰ ਕੌਰ, ਮੁੱਖੀ ਪੰਜਾਬੀ ਅਧਿਐਨ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।

ਸ. ਰਾਜਿੰਦਰਮੋਹਨ ਸਿੰਘ ਛੀਨਾ ਜੀ ਨੇ ਵਿਭਾਗ ਦੀ ਸ਼ਲਾਘਾ ਕਰਦਿਆਂ ਵਿਭਾਗ ਦੇ ਮੁੱਖੀ ਮੈਡਮ ਜਸਮੀਤ ਕੌਰ ,ਸਾਰੇ ਅਧਿਆਪਕਸਾਹਿਬਾਨ ਅਤੇ ਵਿਦਿਆਰਥੀਆਂ ਨੂੰ ਸ਼ਾਨਦਾਰ ਪ੍ਰਦਰਸ਼ਨੀ ਦੇ ਆਯੋਜਨ ਕਰਨ 'ਤੇ ਵਧਾਈ ਦਿੱਤੀ। ਪ੍ਰਿੰਸੀਪਲ, ਡਾ. ਮਹਿਲ ਸਿੰਘ ਜੀ ਨੇ ਸ. ਰਾਜਿੰਦਰਮੋਹਨ ਸਿੰਘ ਛੀਨਾ ਜੀ ਦਾ ਵਿਭਾਗ ਨੂੰ 2015 ਵਿੱਚ ਸਥਾਪਤ ਕਰਨ ਲਈ ਉਹਨਾਂ ਦੇ ਯੋਗਦਾਨ ਤੇ ਪ੍ਰੇਰਨਾ ਲਈ ਧੰਨਵਾਦ ਕੀਤਾ ਅਤੇ ਵਿਭਾਗ ਦੇ ਮੁੱਖੀ ਮੈਡਮ ਜਸਮੀਤ ਕੌਰਨੂੰ ਅਧਿਆਪਕਾਂ ਦੇ ਸਹਿਯੋਗ, ਮਿਹਨਤ 'ਤੇ ਲਗਨ ਨਾਲ ਵਿਭਾਗ ਨੂੰ ਬੁਲੰਦੀਆਂ ਵੱਲ ਲਿਜਾਣ ਲਈ ਵਧਾਈ ਦਿੱਤੀ।

ਇਸ ਦੋ ਰੋਜ਼ਾ ਪ੍ਰਦਰਸ਼ਨੀ ਵਿੱਚ ਫੈਸ਼ਨ ਡਿਜ਼ਾਇਨਿੰਗ ਵਿਭਾਗ ਦੇ ਬੱਚਿਆਂ ਵੱਲੋਂ ਬਹੁਤ ਹੀ ਉਤਸ਼ਾਹ ਨਾਲ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਇਸ ਪ੍ਰਦਰਸ਼ਨੀ ਵਿੱਚ ਟੈੱਕਸਟਾਈਲ ਡਿਜ਼ਾਇਨਿੰਗ, ਹੋਮ ਡੈਕੋਰੇਸ਼ਨ, ਫੈਬਰਿੱਕ ਪ੍ਰਿੰਟਿੰਗ, ਨਿੱਟਿੰਗ, ਆਰਟ ਐਂਡ ਕਰਾਫ਼ਟ, ਸਮੌਕਿੰਗ, ਨੀਡਲ ਕਰਾਫਟ, ਹੈਨਡ ਪੇਂਟ, ਕੁਇੱਲਟਿੰਗ ਆਦਿ ਦੇ ਆਰਟੀਕੱਲ ਪੇਸ਼ ਕੀਤੇ ਗਏ। ਇਸ ਮੌਕੇ 'ਤੇ ਬੱਚਿਆਂ ਵੱਲੋਂ ਰੰਗੋਲੀ ਵੀ ਸਜਾਈ ਗਈ ਅਤੇ ਬੱਚਿਆਂ ਵੱਲੋਂ ਮਹਿੰਦੀ ਵੀ ਲਗਾਈ ਗਈ।

ਮੈਡਮ ਜਸਮੀਤ ਕੌਰ ਨੇ ਸ. ਰਾਜਿੰਦਰਮੋਹਨ ਸਿੰਘ ਛੀਨਾ ਜੀ, ਪ੍ਰਿੰਸੀਪਲ ਡਾ. ਮਹਿਲ ਸਿੰਘ ਅਤੇ ਰਮਿੰਦਰ ਕੌਰ ਜੀ ਦਾ ਵਿਭਾਗ ਦੀ ਸਫ਼ਲਤਾ 'ਤੇ ਪ੍ਰਦਰਸ਼ਨੀ ਦੇ ਸਹਿਯੋਗ ਲਈ ਧੰਨਵਾਦ ਕੀਤਾ। ਉਹਨਾਂ ਆਪਣੇ ਵਿਭਾਗ ਦੇ ਅਧਿਆਪਕਾਂ 'ਤੇ ਵਿਦਿਆਰਥੀਆਂ ਦੇ ਯੋਗਦਾਨ ਦੀ ਵੀ ਸ਼ਲਾਘਾ ਕੀਤੀ।

ਇਸ ਮੌਕੇ 'ਤੇ ਮੈਡਮ ਸੁਖਮੀਨ ਬੇਦੀ ਜੀ, (ਡੀਨ ਵਿੱਦਿਅਕ ਮਾਮਲੇ), ਸਰਦਾਰ ਦਵਿੰਦਰ ਸਿੰਘ ਜੀ, (ਰਜਿਸਟਰਾਰ), ਮੈਡਮ ਨਵਨੀਨ ਬਾਵਾ ਜੀ, (ਓ.ਐੱਸ.ਡੀ.), ਸਰਦਾਰ ਐੱਮ.ਐੱਸ. ਬੱਤਰਾ ਜੀ, (ਡੀਨ ਸਾਇੰਨਸਿਜ਼), ਸਰਦਾਰ ਤਮਿੰਦਰ ਸਿੰਘ ਜੀ ਭਾਟੀਆ, (ਡਿਪਟੀ ਕੰਟਰੋਲਰ ਪ੍ਰੀਖਿਆਵਾਂ) ਸਰਦਾਰ ਜੋਗਿੰਦਰ ਸਿੰਘ ਜੀ ਅਰੋੜਾ (ਮੁੱਖੀ ਵਿਭਾਗ ਕਾਮਰਸ), ਮੈਡਮ ਜਸਜੀਤ ਕੌਰ ਜੀ ਰੰਧਾਵਾ , (ਮੁੱਖੀ ਵਿਭਾਗ ਜੂਆਲੋਜੀ) ਅਤੇ ਹੋਰ ਸਾਰੇ ਕਾਲਜ ਦੇ ਅਧਿਆਪਕ ਸਾਹਿਬਾਨ ਇਸ ਪ੍ਰਦਰਸ਼ਨੀ ਵਿੱਚ ਸ਼ਾਮਿਲ ਹੋਏ।